

ਜਾਣਕਾਰੀ ਦਿੰਦੇ ਹੋਏ ਬੀਮਸ ਦੇ ਲੈਪਰੋਸਕੋਪਿਕ ਰੋਬੋਟਿਕ ਬੇਰਿਅਟਰਿਕ ਸਰਜਨ ਡਾਕਟਰ ਅਭੇ ਅਗਰਵਾਲ ਅਤੇ ਹੋਰ।

# ਬੀਮਸ ਨੇ ਦਿਵਾਇਆ ਮੋਟਾਪੇ ਤੋਂ ਛੁਟਕਾਰਾ

**ਪੱਤਰ ਪ੍ਰੇਰਕ, ਅੰਮ੍ਰਿਤਸਰ** : ਲੰਬੇ ਸਮੇਂ ਤੋਂ ਮੋਟਾਪੇ ਦਾ ਸੰਤਾਪ ਭੋਗ ਰਹੀਆਂ ਔਰਤਾਂ ਅਤੇ ਪੁਰਸ਼ਾਂ ਨੂੰ ਹੁਣ ਮੋਟਾਪੇ ਤੋਂ ਛੁਟਕਾਰਾ ਦਵਾਉਣ ਲਈ ਸਥਾਨਕ ਰੇਸ ਕੋਰਸ ਰੋਡ ਤੇ ਸਥਿਤ ਬੀਮਸ ਹਸਪਤਾਲ ਵਿਚ ਆਧੁਨਿਕ ਬੈਰਿਅਟਰਿਕ ਸਰਜਰੀ ਦੀ ਸੁਵਿਧਾ ਉਪਲਬਧ ਹੋ ਚੁੱਕੀ ਹੈ। ਬੀਮਸ ਦੇ ਲੈਪਰੋਸਕੋਪਿਕ ਰੋਬੋਟਿਕ ਬੈਰਿਅਟਰਿਕ ਸਰਜਨ ਡਾਕਟਰ ਅਭੇ ਅਗਰਵਾਲ ਨੇ ਸ਼ੁੱਕਰਵਾਰ ਨੂੰ ਮੋਟਾਪੇ ਦੇ ਸ਼ਿਕਾਰ ਦੋ ਪੁਰਸ਼ਾਂ ਅਤੇ ਇਕ ਮਹਿਲਾ ਦੀ ਬੈਰਿਅਟਰਿਕ ਸਰਜਰੀ ਕਰਕੇ ਉਨਾ ਨੂੰ ਮੋਟਾਪੇ ਤੋਂ ਮੁਕਤੀ ਦਵਾਈ। ਉਨ੍ਹਾਂ ਦਸਿਆ ਕਿ ਇਸ ਸਰਜਰੀ ਤੋਂ 24 ਘੰਟਿਆਂ ਬਾਅਦ ਹੀ ਇਨ੍ਹਾਂ ਰੋਗੀਆਂ ਨੂੰ ਘਰ ਭੇਜ ਦਿੱਤਾ ਜਾਵੇਗਾ। ਵਿਸ਼ੇਸ਼ ਤੌਰ 'ਤੇ ਮੁੰਬਈ ਤੋਂ ਅੰਮ੍ਰਿਤਸਰ ਇਹ ਸਰਜਰੀ ਕਰਨ ਲਈ ਆਏ ਡਾ. ਅਗਰਵਾਲ ਨੇ ਦਸਿਆ ਕਿ ਮੋਟਾਪੇ ਦਾ ਮੁੱਖ ਕਾਰਨ ਸਰੀਰ ਵਿਚ ਇਕੱਠੀ ਹੋਈ ਕੈਲਰੀ ਦਾ ਖਰਚ ਨਾ ਹੋਣਾ ਹੈ ਅਤੇ ਇਹ ਇਲਾਜ ਕੀ ਹੋਲ ਸਰਜਰੀ ਦੁਆਰਾ ਕੀਤਾ ਜਾਂਦਾ ਹੈ। ਇਸ ਸਰਜਰੀ ਤੋਂ ਬਾਅਦ ਡਾਇਬਟੀਜ਼ ਅਤੇ ਕੋਲਸਟਰੋਲ ਤੇ ਵੀ ਕੰਟਰੋਲ ਹੁੰਦਾ ਹੈ ਅਤੇ ਗੋਡਿਆਂ ਦਾ ਦਰਦ, ਸਾਹ ਦਾ ਫੁੱਲਣਾ ਅਤੇ ਦਮੇ ਵਿਚ ਵੀ ਰਾਹਤ ਮਿਲਦੀ ਹੈ। ਇਕ ਵਾਰ ਇਸ ਸਰਜਰੀ ਤੋਂ ਬਾਅਦ ਵਜਨ ਵਿਚ ਵਾਧਾ ਨਹੀ ਹੁੰਦਾ ਹੈ।

ਉਨਾ ਦਸਿਆ ਕਿ ਭਾਵੇਂ ਮੋਟਾਪੇ ਦੇ ਘਟਾਉਣ ਵਾਲੀਆਂ ਕਈ ਦਵਾਈਆਂ ਬਾਜ਼ਾਰ ਵਿਚ ਆ ਚੁੱਕੀਆਂ ਹਨ, ਪਰ ਮੋਟਾਪੇ ਨੂੰ ਘਟਾਉਣ ਲਈ ਇਹ ਬੈਰਿਅਟਰਿਕ ਸਰਜਰੀ ਹੀ ਕਾਰਗਰ ਤਰੀਕਾ ਹੈ ਅਤੇ ਉਹ 1500 ਤੋਂ ਵੱਧ ਸਫਲ ਇਲਾਜ ਕਰਕੇ ਲੋਕਾਂ ਨੂੰ ਘਰ ਭੇਜ ਚੁੱਕੇ ਹਨ। ਇਸ ਸਰਜਰੀ ਦੇ ਚੱਲਦਿਆਂ ਮੋਟਾਪੇ ਦੇ ਸ਼ਿਕਾਰ ਲੋਕਾਂ ਦਾ ਗੈਸਟ੍ਰਿਕ ਬਾਈਪਾਸ ਕਰਕੇ ਇਕ ਬੈਂਡ ਦੁਆਰਾ ਪੇਟ ਦਾ ਆਕਾਰ ਘੱਟ ਕਰ ਦਿੱਤਾ ਜਾਂਦਾ ਹੈ। ਬੀਮਸ ਹਸਪਤਾਲ ਦੀ ਸੈਂਟਰ ਹੈਡ ਮੋਨਿਕਾ ਮਹਾਜਨ ਨੇ ਦਸਿਆ ਕਿ ਮੋਟਾਪਾ ਅਤੇ ਵਧਿਆ ਹੋਇਆ ਵਜਨ ਦਿਲ ਦੇ ਰੋਗਾਂ, ਸਟ੍ਰੋਕ, ਸ਼ੂਗਰ, ਹਾਈ ਬਲੱਡ ਪ੍ਰੈਸ਼ਰ, ਉਨੀਂਦਰਾ, ਜੋੜਾਂ ਵਿਚ ਸੋਜਿਸ਼ ਆਦਿ ਕਈ ਭਿਆਨਕ ਬੀਮਾਰੀਆਂ ਦਾ ਮੁੱਖ ਕਾਰਨ ਬਣ ਸਕਦਾ ਹੈ। ਇਸ ਦੇ ਲਈ ਬੈਰਿਅਟਰਿਕ ਸਰਜਰੀ ਦੁਆਰਾ ਜਲਦੀ ਤੋਂ ਜਲਦੀ ਮੋਟਾਪੇ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ।